# ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ ਰਿਕਵਰੀ ਗ੍ਰਾਂਟ ਪ੍ਰੋਗਰਾਮ

**ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ ਰਿਕਵਰੀ ਗ੍ਰਾਂਟ ਪ੍ਰੋਗਰਾਮ ਕਾਰੋਬਾਰਾਂ ਨੂੰ ਮੁਕੰਮਲ ਮਾਲੀ ਮਦਦ ਵੱਜੋਂ ਗ੍ਰਾਂਟਾਂ ਪ੍ਰਦਾਨ ਕਰਦਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਨੂੰ ਉਹ ਸਹਾਇਤਾ ਮਿਲ ਸਕੇ ਜਿਸ ਦੀ ਉਨ੍ਹਾਂ ਨੂੰ  ਕੋਵਿਡ–19 ਦੇ ਦੌਰਾਨ ਅਤੇ ਉਸ ਤੋਂ ਬਾਦ ਲੋੜ ਹੈ।**

**ਹੁਣ ਅਰਜ਼ੀਆਂ ਬੰਦ ਹਨ।**

**ਆਖ਼ਰੀ ਅਪਡੇਟ: 2 ਜੁਲਾਈ, 2021**

**ਇਸ ਪੰਨੇ ‘ਤੇ:**

- ਅਰਜ਼ੀਆਂ ਹੁਣ ਬੰਦ ਹਨ
- ਆਪਣੀ ਅਰਜ਼ੀ ਦੀ ਸਮੀਖਿਆ ਕਰੋ
- ਇਹ ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ
- ਮੁਲਾਂਕਣ ਮਾਪਦੰਡ
- ਆਪਣੀ ਰਿਕਵਰੀ ਯੋਜਨਾ ਮੁਕੰਮਲ ਕਰਨਾ
- ਉਪਲਬਧ ਫੰਡਿੰਗ
- ਆਪਣੀ ਫੰਡਿੰਗ ਦੀ ਵਰਤੋਂ ਕਿਵੇਂ ਕੀਤੀ ਜਾਵੇ

---

## ਅਰਜ਼ੀਆਂ ਹੁਣ ਬੰਦ ਹਨ

**ਛੋਟੇ ਅਤੇ ਦਰਮਿਆਨੇ ਬਿਜ਼ਨਸਾਂ ਲਈ ਰਿਕਵਰੀ ਗਰਾਂਟ ਪ੍ਰੋਗਰਾਮ ਵਾਸਤੇ ਇਨਟੇਕ 2 ਜੁਲਾਈ, 2021 ਨੂੰ 11:50 ਪੀਐਮ ਤੇ ਬੰਦ ਹੋ ਰਹੀ ਹੈ।**

### ਪ੍ਰਕਿਰਿਆ-ਅਧੀਨ ਅਰਜ਼ੀਦਾਤਾ

**ਜੇ ਤੁਸੀਂ ਪ੍ਰੋਗਰਾਮ ਲਈ 2 ਜੁਲਾਈ, 2021 ਨੂੰ 11:59ਪੀਐਮ ਤੋਂ ਪਹਿਲਾਂ ਅਪਲਾਈ ਕੀਤਾ:**

- ਤੁਹਾਡੀ ਅਰਜ਼ੀ ਦੀ ਵਾਰੀ ਸਿਰ ਸਮੀਖਿਆ ਕੀਤੀ ਜਾਵੇਗੀ
- ਜੇ ਗਰਾਂਟ ਸਟਾਫ ਦੇ ਕੋਈ ਸਵਾਲ ਹੋਏ ਜਾਂ ਹੋਰ ਸੂਚਨਾ ਦੀ ਲੋੜ ਹੋਈ ਤਾਂ ਉਹ ਤੁਹਾਡੇ ਨਾਲ ਸੰਪਰਕ ਕਰਨਗੇ
- ਮੁਕੰਮਲ ਅਰਜ਼ੀਆਂ ਲਈ ਐਪਲੀਕੇਸ਼ਨ ਪ੍ਰਸੈਸਿੰਗ ਸਮਾਂ 8 ਹਫਤਿਆਂ ਤੱਕ ਹੋ ਸਕਦਾ ਹੈ
- ਨਾਮੁਕੰਮਲ ਅਰਜ਼ੀਆਂ ਕਾਰਨ ਪ੍ਰਾਸੈਸਿੰਗ ਸਮਾਂ ਅਤੇ ਪੇਮੈਂਟਾਂ ਵਿਚ ਦੇਰੀ ਹੋਵੇਗੀ
- ਪ੍ਰਕਿਰਿਆ ਵਿਚ ਦੋ ਪੜਾਅ ਹਨ—ਯੋਗ ਕਾਰੋਬਾਰਾਂ ਨੂੰ ਰਿਕਵਰੀ ਪਲੈਨ ਮੁਕੰਮਲ ਕਰਨ ਲਈ ਸੱਦਾ ਦਿੱਤਾ ਜਾਵੇਗਾ

- **ਗਰਾਂਟ ਬਾਰੇ ਫੈਸਲੇ ਸੰਬੰਧੀ ਤੁਹਾਨੂੰ ਈਮੇਲ ਰਾਹੀਂ ਦੱਸਿਆ ਜਾਵੇਗਾ**
- **ਗਰਾਂਟ ਬਾਰੇ ਫੈਸਲੇ ਤੋਂ ਬਾਦ 4 ਹਫਤਿਆਂ ਵਿਚ ਫੰਡਿੰਗ ਭੇਜ ਦਿੱਤੀ ਜਾਵੇਗੀ**

ਆਪਣੀ ਅਰਜ਼ੀ ਦੀ ਸਮੀਖਿਆ ਕਰੋ

**ਅਰਜ਼ੀਆਂ 2 ਜੁਲਾਈ, 2021 ਨੂੰ 11:59 ਪੀਐਮ ਤੇ ਬੰਦ ਹੋ ਰਹੀਆਂ ਹਨ। ਆਪਣੀ ਪ੍ਰਕਿਰਿਆ-ਅਧੀਨ ਅਰਜ਼ੀ ਦੀ ਸਮੀਖਿਆ ਕਰੋ।**

ਐਪਲੀਕੇਸ਼ਨ ਲੌਗ-ਇਨ

---

## ਇਹ ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ

**ਕੋਵਿਡ-19 ਤੋਂ ਪ੍ਰਭਾਵਤ ਹੋਏ ਬੀ ਸੀ ਦੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ $10,000 ਤੋਂ $30,000 ਤੱਕ ਦੀਆਂ ਗ੍ਰਾਂਟਾਂ ਉਪਲਬਧ ਹਨ। ਸੈਰ-ਸਪਾਟਾ ਸਬੰਧਤ ਯੋਗ ਕਾਰੋਬਾਰਾਂ ਲਈ $5,000 ਤੋਂ $15,000 ਦੀ ਇੱਕ ਹੋਰ ਵਾਧੂ ਗ੍ਰਾਂਟ ਉਪਲਬਧ ਹੈ।**

**ਪ੍ਰੋਗਰਾਮ 2 ਜੁਲਾਈ, 2021 ਨੂੰ 11:59 ਪੀਐਮ ਤੇ ਬੰਦ ਹੋ ਰਿਹਾ ਹੈ।**

### ਅਰਜ਼ੀ ਦੇਣ ਦੀ ਪ੍ਰਕਿਰਿਆ

**ਜਿਨ੍ਹਾਂ ਕਾਰੋਬਾਰਾਂ ਨੇ ਫੰਡਿੰਗ ਲਈ ਔਨਲਾਈਨ ਅਪਲਾਈ ਕੀਤਾ ਅਤੇ ਯੋਗ ਹਨ, ਉਨ੍ਹਾਂ ਨੂੰ ਇਕ ਰਿਕਵਰੀ ਪਲੈਨ ਤਿਆਰ ਕਰਨ ਲਈ ਕਿਹਾ ਜਾਵੇਗਾ। ਲੋੜ ਮੁਤਾਬਕ ਰਿਕਵਰੀ ਪਲੈਨ ਤਿਆਰ ਕਰਨ ਵਿਚ ਕਾਰੋਬਾਰਾਂ ਦੀ ਮਦਦ ਕਰਨ ਲਈ ਪ੍ਰੋਫੈਸ਼ਨਲ ਸਰਵਿਸ ਪ੍ਰਦਾਤਾ ਉਪਲਬਧ ਹਨ।**

**ਇੱਕ ਵਾਰ ਤੁਹਾਡੀ ਰਿਕਵਰੀ ਯੋਜਨਾ ਦੇ ਦਾਇਰ ਹੋਣ ਅਤੇ ਉਸ ਦੀ ਸਮੀਖਿਆ ਹੋ ਜਾਣ 'ਤੇ, ਪ੍ਰਵਾਨਤ ਕਾਰੋਬਾਰਾਂ ਨੂੰ ਉਨ੍ਹਾਂ ਦੀ ਯੋਜਨਾ ਲਈ ਗ੍ਰਾਂਟ ਵੱਜੋਂ ਮਾਲੀ ਮਦਦ ਪ੍ਰਾਪਤ ਹੋ ਜਾਵੇਗੀ।**

**ਕਾਰੋਬਾਰਾਂ ਨੂੰ ਆਪਣੇ ਰਿਕਵਰੀ ਨਾਲ ਸਬੰਧਤ ਯਤਨਾਂ ਬਾਰੇ ਜਾਂ ਗ੍ਰਾਂਟ ਵੱਜੋਂ ਮਿਲੀ ਮਾਲੀ ਮਦਦ ਕਿਵੇਂ ਵਰਤੀ ਗਈ ਹੈ, ਬਾਰੇ ਜਾਣਕਾਰੀ ਅਤੇ ਦਸਤਾਵੇਜ਼ ਦੇਣ ਲਈ ਕਿਹਾ ਜਾ ਸਕਦਾ ਹੈ।**

## ਮੁਲਾਂਕਣ ਦੇ ਨੁਕਤੇ

#### ਯੋਗਤਾ ਮਾਪਦੰਡ

**ਬੁਨਿਆਦੀ ਗਰਾਂਟ**

**ਇੱਕ ਬੁਨਿਆਦੀ (ਬੇਸ) ਗ੍ਰਾਂਟ ਹਾਸਲ ਕਰਨ ਲਈ ਇੱਕ ਕਾਰੋਬਾਰ ਲਈ ਸਾਰੇ ਯੋਗਤਾ ਮਾਪਦੰਡ ਪੂਰੇ ਕਰਨੇ ਲਾਜ਼ਮੀ ਸਨ।**

**ਯੋਗਤਾ ਮਾਪਦੰਡ**

- ਕਾਰੋਬਾਰ ਦੇ ਬਹੁਗਿਣਤੀ ਹਿੱਸੇ ਦੀ ਮਾਲਕੀ ਇੱਕ ਜਾਂ ਵਧੇਰੇ ਬੀ ਸੀ ਨਿਵਾਸੀਆਂ ਕੋਲ ਹੈ
- ਇਸ ਗ੍ਰਾਂਟ ਪ੍ਰੋਗਰਾਮ ਲਈ ਤੁਹਾਡੀ ਅਰਜ਼ੀ ਦੇਣ ਦੀ ਤਰੀਕ ਤੋਂ ਘੱਟੋ ਘੱਟ 18 ਮਹੀਨੇ ਪਹਿਲਾਂ ਤੋਂ ਇਹ ਕਾਰੋਬਾਰ ਬੀ ਸੀ ਵਿੱਚ ਚੱਲ ਰਿਹਾ ਹੈ
- ਇਸ ਕਾਰੋਬਾਰ ਦਾ ਮੁਕੰਮਲ (ਸੋਲ) ਜਾਂ ਬੁਨਿਆਦੀ ਕੰਮਕਾਰ ਬੀ ਸੀ ਵਿੱਚ ਸਥਿਤ ਹੈ ਅਤੇ ਬੀ ਸੀ ਵਿੱਚ ਸੰਚਾਲਤ ਹੁੰਦਾ ਹੈ
    - ਇਹ ਕਾਰੋਬਾਰ ਬੀ ਸੀ ਵਿੱਚ ਰਜਿਸਟਰਡ ਹੈ
    - ਇਹ ਕਾਰੋਬਾਰ ਚਾਲੂ ਹੈ ਅਤੇ ਬੀ ਸੀ ਵਿੱਚ ਟੈਕਸ ਭਰਦਾ ਹੈ
    - ਇਹ ਕਾਰੋਬਾਰ ਮੌਜੂਦਾ ਸਮੇਂ ਚੱਲ ਰਿਹਾ ਹੈ (ਜੋ ਕਾਰੋਬਾਰ ਮੌਸਮ-ਅਧਾਰਤ ਹਨ ਜਾਂ ਆਰਜ਼ੀ ਤੌਰ ‘ਤੇ ਬੰਦ ਹਨ, ਉਹ ਵੀ ਯੋਗ ਹਨ)
- ਇਹ ਕਾਰੋਬਾਰ ਕੈਲੰਡਰ ਸਾਲ ਵਿੱਚ ਘੱਟੋ ਘੱਟ ਚਾਰ ਮਹੀਨੇ ਬੀ ਸੀ ਵਿੱਚ 149 ਤੱਕ ਲੋਕਾਂ ਨੂੰ ਨੌਕਰੀ ‘ਤੇ ਰੱਖਦਾ ਹੈ
    - ਇਸ ਵਿੱਚ ਉਹ ਕਾਰੋਬਾਰ ਸ਼ਾਮਲ ਹਨ ਜਿਨ੍ਹਾਂ ਨੇ 1 ਫ਼ਰਵਰੀ, 2020 ਤੋਂ ਪਹਿਲਾਂ, ਕਰਮਚਾਰੀ ਜਾਂ ਠੇਕੇ ‘ਤੇ ਸਟਾਫ਼ ਰੱਖਿਆ ਹੋਇਆ ਸੀ
    - ਉਹ ਕਾਰੋਬਾਰ ਜਿਨ੍ਹਾਂ ਕੋਲ ਸਟਾਫ਼ ਨਹੀਂ ਹੈ, ਕ੍ਰਿਪਾ ਕਰ ਕੇ ਆਪਣੀ ਅਰਜ਼ੀ ਵਿੱਚ ਸਾਨੂੰ ਦੱਸਣ ਕਿ ਗ੍ਰਾਂਟ ਵੱਜੋਂ ਮਾਲੀ ਮਦਦ ਤੁਹਾਡੀ ਰਿਕਵਰੀ ਵਿੱਚ ਕਿਵੇਂ ਮਦਦ ਕਰੇਗੀ ਅਤੇ ਤੁਹਾਡੇ ਭਾਈਚਾਰੇ ਨੂੰ ਲਾਭ ਪੁਚਾਏਗੀ।
- 1 ਫ਼ਰਵਰੀ, 2020 ਤੋਂ ਪਹਿਲਾਂ, ਇਸ ਕਾਰੋਬਾਰ ਕੋਲ ਪਿਛਲੀ ਫ਼ਾਈਨੈਂਸ਼ਲ ਸਟੇਟਮੈਂਟ ਲਈ ਪੌਜ਼ਿਟਿਵ ਕੈਸ਼ ਫ਼ਲੋ ਮੌਜੂਦ ਸੀ
- ਕਾਰੋਬਾਰ ਨੂੰ ਮਾਰਚ 2020 ਤੋਂ ਹੁਣ ਤੱਕ, 2019 ਵਿੱਚ ਉਸੇ ਇੱਕ ਮਹੀਨੇ ਦੇ ਸਮੇਂ ਨਾਲ ਮੁਕਾਬਲਾ ਕਰਦਿਆਂ ਆਮਦਨੀ ਵਿੱਚ ਘੱਟੋ ਘੱਟ 30% ਦਾ ਘਾਟਾ ਹੋਇਆ
- 1 ਫ਼ਰਵਰੀ, 2020 ਤੋਂ ਬਾਦ, ਕਾਰੋਬਾਰ ਦੇ ਮਾਲਕਾਂ ਨੇ ਕਾਰੋਬਾਰ ਨੂੰ ਬੰਦ ਕਰਨ, ਖ਼ਤਮ (dissolution) ਕਰਨ ਜਾਂ ਵੇਚਣ ਦੀ ਤਿਆਰੀ ਨਹੀਂ ਕੀਤੀ

ਸੈਰ-ਸਪਾਟਾ ਕਾਰੋਬਾਰ

ਸੈਰ-ਸਪਾਟਾ ਸਬੰਧਤ ਕਾਰੋਬਾਰ ਵਾਧੂ ਮਾਲੀ ਮਦਦ ਵੱਜੋਂ $15,000 ਤੱਕ ਪ੍ਰਾਪਤ ਕਰ ਸਕਣ ਲਈ ਯੋਗ ਹੋ ਸਕਦੇ ਹਨ, ਜੇ ਉਹ ਬੁਨਿਆਦੀ (ਬੇਸ) ਗ੍ਰਾਂਟ ਲਈ ਯੋਗ ਹੁੰਦੇ ਅਤੇ ਵਾਧੂ ਸੈਰ-ਸਪਾਟਾ ਗ੍ਰਾਂਟ ਮਾਪਦੰਡ ਪੂਰੇ ਕਰਦੇ।

## ਸੈਰ-ਸਪਾਟਾ ਵਾਧੂ ਗ੍ਰਾਂਟ ਲਈ ਯੋਗਤਾ ਮਾਪਦੰਡ

ਸੈਰ-ਸਪਾਟਾ ਸਬੰਧਤ ਕਾਰੋਬਾਰ ਉਹ ਹੁੰਦੇ ਹਨ ਜੋ ਉਨ੍ਹਾਂ ਵਿਅਕਤੀਆਂ ਨੂੰ ਸੇਵਾਵਾਂ ਦਿੰਦੇ ਹਨ ਜੋ ਮਨੋਰੰਜਨ, ਕਾਰੋਬਾਰ ਅਤੇ ਹੋਰ ਮਕਸਦਾਂ ਲਈ, ਲਗਾਤਾਰ ਇੱਕ ਸਾਲ ਤੋਂ ਘੱਟ ਸਮੇਂ ਲਈ, ਆਪਣੇ ਸਧਾਰਣ ਆਸ-ਪਾਸ ਤੋਂ ਦੂਰ ਸਥਾਨਾਂ ਦੀ ਯਾਤਰਾ ਕਰਦੇ ਹਨ ਅਤੇ ਉੱਥੇ ਰਹਿੰਦੇ ਹਨ।

ਸੈਰ-ਸਪਾਟਾ ਖੇਤਰ ਦੇ ਕਾਰੋਬਾਰਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਆਵਾਜਾਈ
- ਰਿਹਾਇਸ਼
- ਖਾਣ ਪੀਣ ਦੀਆਂ ਸੇਵਾਵਾਂ
- ਮੌਜ-ਮਸਤੀ
- ਮਨੋਰੰਜਨ ਸੇਵਾਵਾਂ
- ਯਾਤਰਾ ਸੇਵਾਵਾਂ

**ਰਿਹਾਇਸ਼ ਵਿੱਚ ਸ਼ਾਮਲ ਹਨ:**

- ਹੋਟਲ
- ਸਰਾਵਾਂ
- ਲੌਂਜ
- ਕੈਂਪਸਾਈਟਾਂ
- ਕਿਰਾਏ ਲਈ ਰੀਕ੍ਰਿਏਸ਼ਨਲ ਵਾਹਨ
- ਅਜਿਹੇ ਹੋਰ ਮਿਲਦੇ ਜੁਲਦੇ ਕਾਰੋਬਾਰ

**ਰਿਹਾਇਸ਼ ਵਿੱਚ ਇਹ ਸ਼ਾਮਲ ਨਹੀਂ:**

- ਲੰਮੇ ਸਮੇਂ ਦੀ ਰਿਹਾਇਸ਼
- ਅਪਾਰਟਮੈਂਟ
- ਕੌਂਡੋਮੀਨੀਅਮ ਸਬ-ਲੀਜ਼
- ਹੋਮ-ਸਟੇਅ ਇੰਤਜ਼ਾਮ
- ਵੇਕੇਸ਼ਨ ਰੈਂਟਲ

## ਜ਼ਰੂਰੀ ਦਸਤਾਵੇਜ਼

**ਨੋਟ: ਜਿੱਥੇ ਕਾਰੋਬਾਰਾਂ ਨੂੰ ਅਜਿਹਾ ਕਰਨ ਦਾ ਅਧਿਕਾਰ ਨਾ ਹੋਵੇ, ਉਥੇ ਦਸਤਾਵੇਜ਼ਾਂ ਵਿੱਚੋਂ ਨਾਂ ਅਤੇ ਨਿਜੀ ਪਛਾਣਯੋਗ ਜਾਣਕਾਰੀ ਕੱਟੀ ਹੋਵੇ।**

**ਮੌਸਮ-ਅਧਾਰਤ ਕਾਰੋਬਾਰਾਂ ਨੂੰ ਉਨ੍ਹਾਂ ਦੇ ਵਿਸ਼ੇਸ਼ ਕਾਰੋਬਾਰੀ ਚੱਕਰ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।**

ਇਕੱਲੀ ਪ੍ਰੋਪਰਾਈਟਰਸ਼ਿਪ ਅਤੇ ਭਾਈਵਾਲੀਆਂ ਸਮੇਤ ਗ਼ੈਰ-ਕਾਰਪੋਰੇਟ ਕਾਰੋਬਾਰਾਂ ਵਿੱਚ ਸ਼ਾਮਲ ਹਨ:

- **T1-T2125** ਸਟੇਟਮੈਂਟ ਔਫ਼ ਬਿਜ਼ਨੈੱਸ ਜਾਂ ਪੇਸ਼ੇਵਰ ਗਤੀਵਿਧੀਆਂ ਜਿਸ ਵਿੱਚ ਮਾਲਕੀ ਦੇ ਪ੍ਰਤੀਸ਼ਤ ਬਾਰੇ ਜਾਣਕਾਰੀ ਦਿੱਤੀ ਹੋਵੇ
- **ਪਿਛਲੇ 24 ਮਹੀਨੇ ਦੀ ਅਸਲ ਮਾਸਿਕ ਆਮਦਨੀ (24 ਮਹੀਨੇ ਤੋਂ ਘੱਟ ਸਮੇਂ ਤੋਂ ਸੰਚਾਲਤ ਹੋ ਰਹੇ ਕਾਰੋਬਾਰਾਂ ਲਈ 18 ਮਹੀਨੇ) ਕ੍ਰਿਪਾ ਕਰ ਕੇ ਹਰ ਮਹੀਨੇ ਦੀ ਆਮਦਨੀ ਵੱਖ-ਵੱਖ ਸ਼ਾਮਲ ਕਰੋ। ਹੇਠਾਂ ਉਦਾਹਰਣ ਵੇਖੋ:**

| ਮਹੀਨਾ | ਆਮਦਨੀ |
|---|---|
| ਜਨਵਰੀ 2019 | **$##,###** |
| ਫ਼ਰਵਰੀ 2019 | **$##,###** |
| ਮਾਰਚ 2019 | **$##,###** |
| ... | ... |
| ਦਸੰਬਰ 2020 | **$##,###** |

- **ਪਿਛਲੇ ਦੋ ਰਿਪਰੋਟਿੰਗ ਸਾਲਾਂ ਦੀਆਂ ਬਿਜ਼ਨੈੱਸ ਟੈਕਸ ਰਿਟਰਨਾਂ 2018 (ਜੇ ਲਾਗੂ ਹੋਵੇ) ਅਤੇ 2019, ਖ਼ਾਸ ਤੌਰ 'ਤੇ:**
  - **ਨੋਟਿਸ ਔਫ਼ ਅਸੈੱਸਮੈਂਟ**
  - **ਮਾਲਕਾਂ ਦੀ T1 ਰਿਟਰਨ (ਫ਼ਾਰਮ 5010-R) ਦਾ ਪਹਿਲਾ ਸੈਕਸ਼ਨ**
  - **T1-T2125 ਸਟੇਟਮੈਂਟ ਔਫ਼ ਬਿਜ਼ਨੈੱਸ ਜਾਂ ਪੇਸ਼ੇਵਰ ਗਤੀਵਿਧੀਆਂ**
- **ਜੇ ਲਾਗੂ ਹੋਵੇ, 1 ਸਤੰਬਰ, 2019 ਤੋਂ ਹੁਣ ਤੱਕ ਦੇ ਪੇਅਰੋਲ ਦਸਤਾਵੇਜ਼। ਦਸਤਾਵੇਜ਼ਾਂ ਵਿੱਚ ਨੌਕਰੀ 'ਤੇ ਰੱਖੇ ਜਾਂ ਸਬਕੰਟਰੈਕਟ ਕੀਤੇ ਬੀ ਸੀ ਨਿਵਾਸੀਆਂ ਦੀ ਗਿਣਤੀ ਲਾਜ਼ਮੀ ਦਰਸਾਈ ਜਾਵੇ ਜਿਸ ਵਿੱਚ ਨਾਂ ਦੇ ਮੁਢਲੇ ਅੱਖਰ, ਸ਼ਹਿਰ, ਵੇਤਨ, ਅਤੇ ਹਰ ਕਰਮਚਾਰੀ ਲਈ ਕਟੌਤੀਆਂ ਸ਼ਾਮਲ ਹੋਣ। ਹੇਠ ਦਿੱਤਿਆਂ ਵਿੱਚੋਂ ਇੱਕ ਸ਼ਾਮਲ ਕਰੋ:**
  - **ਅਦਾ ਕੀਤੀ ਜਾ ਚੁੱਕੀ T4 ਸਟੇਟਮੈਂਟ ਔਫ਼ ਰਿਊਮਨਰੇਸ਼ਨ**
  - **PD7A ਪੇਅਰੋਲ ਜਮ੍ਹਾਂ ਕਰਾਉਣ ਵਾਲੇ ਦਸਤਾਵੇਜ਼**
  - **ਪੇਅਰੋਲ ਜਾਂ ਚੈੱਕ ਅਦਾਇਗੀ**

ਇਨਕਾਰਪੋਰਟਿਡ ਕਾਰੋਬਾਰਾਂ ਵਿੱਚ ਸ਼ਾਮਲ ਹਨ:

- ਸ਼ੇਅਰਹੋਲਡਰ ਰਜਿਸਟਰ ਜਾਂ ਸਰਟੀਫ਼ਿਕੇਟ ਔਫ਼ ਇਨਕੌਰਪੋਰੇਸ਼ਨ ਜਿਸ ਵਿੱਚ ਉਸ ਸ਼ਹਿਰ ਦਾ ਨਾਂ ਲਾਜ਼ਮੀ ਸ਼ਾਮਲ ਹੋਵੇ ਜਿੱਥੇ ਬੀ ਸੀ ਨਿਵਾਸੀ ਸ਼ੇਅਰਹੋਲਡਰ ਰਹਿੰਦੇ ਹਨ। ਹੇਠ ਦਿੱਤਿਆਂ ਵਿੱਚੋਂ ਇੱਕ ਸ਼ਾਮਲ ਕਰੋ:
  - ਸੈਂਟਰਲ ਸਿਕਿਉਰਿਟੀਜ਼ ਰਜਿਸਟਰ
  - T2-ਸਕੈਜਿਊਲ 50 ਸ਼ੇਅਰਹੋਲਡਰ ਜਾਣਕਾਰੀ
- ਚਾਲੂ ਸਾਲ ਦੇ ਨਾਲ ਉਸ ਤੋਂ ਪਿਛਲੇ ਦੋ ਸਾਲਾਂ ਦੀਆਂ ਫ਼ਾਈਨੈਂਸ਼ਲ ਸਟੇਟਮੈਂਟਾਂ ਜਿਸ ਵਿੱਚ ਸ਼ਾਮਲ ਹੈ:
  - ਬੈਲੈਂਸ ਸ਼ੀਟ
  - ਆਮਦਨੀ ਸਟੇਟਮੈਂਟ
  - ਸਟੇਟਮੈਂਟ ਔਫ਼ ਕੈਸ਼ ਫ਼ਲੋ (ਜੇ ਉਪਲਬਧ ਹੋਵੇ)
- ਪਿਛਲੇ 24 ਮਹੀਨੇ ਦੀ ਅਸਲ ਮਾਸਿਕ ਆਮਦਨੀ (24 ਮਹੀਨੇ ਤੋਂ ਘੱਟ ਸਮੇਂ ਤੋਂ ਸੰਚਾਲਤ ਹੋ ਰਹੇ ਕਾਰੋਬਾਰਾਂ ਲਈ 18 ਮਹੀਨੇ) ਕ੍ਰਿਪਾ ਕਰ ਕੇ ਹਰ ਮਹੀਨੇ ਦੀ ਆਮਦਨੀ ਵੱਖ–ਵੱਖ ਸ਼ਾਮਲ ਕਰੋ। ਹੇਠਾਂ ਉਦਾਹਰਣ ਵੇਖੋ:

| ਮਹੀਨਾ | ਆਮਦਨੀ |
|---|---|
| ਜਨਵਰੀ 2019 | **$##,###** |
| ਫ਼ਰਵਰੀ 2019 | **$##,###** |
| ਮਾਰਚ 2019 | **$##,###** |
| … | … |
| ਦਸੰਬਰ 2020 | **$##,###** |

- ਪਿਛਲੇ ਦੋ ਰਿਪਰੋਟਿੰਗ ਸਾਲਾਂ ਦੀਆਂ ਬਿਜ਼ਨੈੱਸ ਟੈਕਸ ਰਿਟਰਨਾਂ 2018 (ਜੇ ਲਾਗੂ ਹੋਵੇ) ਅਤੇ 2019, ਖ਼ਾਸ ਤੌਰ ‘ਤੇ:
  - ਨੋਟਿਸ ਔਫ਼ ਅਸੈੱਸਮੈਂਟ
  - **T2** ਰਿਟਰਨ ਦਾ ਪਹਿਲਾ ਸੈਕਸ਼ਨ (ਪਹਿਲੇ ਨੌਂ ਪੰਨੇ)
- ਜੇ ਲਾਗੂ ਹੋਵੇ, 1 ਸਤੰਬਰ, 2019 ਤੋਂ ਹੁਣ ਤੱਕ ਦੇ ਪੇਅਰੋਲ ਦਸਤਾਵੇਜ਼। ਦਸਤਾਵੇਜ਼ਾਂ ਵਿੱਚ ਨੌਕਰੀ ‘ਤੇ ਰੱਖੇ ਜਾਂ ਸਬਕੰਟਰੈਕਟ ਕੀਤੇ ਬੀ ਸੀ ਨਿਵਾਸੀਆਂ ਦੀ ਗਿਣਤੀ ਲਾਜ਼ਮੀ ਦਰਸਾਈ ਜਾਵੇ ਜਿਸ ਵਿੱਚ ਨਾਂ ਦੇ ਮੁਢਲੇ ਅੱਖਰ, ਸ਼ਹਿਰ, ਵੇਤਨ, ਅਤੇ ਹਰ ਕਰਮਚਾਰੀ ਲਈ ਕਟੌਤੀਆਂ ਸ਼ਾਮਲ ਹੋਣ। ਹੇਠ ਦਿੱਤਿਆਂ ਵਿੱਚੋਂ ਇੱਕ ਸ਼ਾਮਲ ਕਰੋ:
  - ਅਦਾ ਕੀਤੀ ਜਾ ਚੁੱਕੀ **T4** ਸਟੇਟਮੈਂਟ ਔਫ਼ ਰਿਊਮਨਰੇਸ਼ਨ
  - **PD7A** ਪੇਅਰੋਲ ਜਮ੍ਹਾਂ ਕਰਾਉਣ ਵਾਲੇ ਦਸਤਾਵੇਜ਼
  - ਪੇਅਰੋਲ ਜਾਂ ਚੈੱਕ ਅਦਾਇਗੀ

ਜ਼ਰੂਰੀ ਦਸਤਾਵੇਜ਼ਾਂ ਦੀ ਚੈੱਕਲਿਸਟ ਡਾਊਨਲੋਡ ਕਰੋ (**PDF, 75KB**)

## ਆਪਣਾ ਰਿਕਵਰੀ ਪਲੈਨ ਮੁਕੰਮਲ ਕਰੋ

ਰਿਕਵਰੀ ਯੋਜਨਾ ਇੱਕ ਅਜਿਹੀਆਂ ਵਿਸ਼ੇਸ਼ ਕਾਰਵਾਈਆਂ ਦੀ ਇੱਕ ਸੂਚੀ ਹੁੰਦੀ ਹੈ ਜੋ ਤੁਹਾਡਾ ਕਾਰੋਬਾਰ ਕੋਵਿਡ–19 ਦੀਆਂ “ਨਵੀਆਂ ਸਧਾਰਣ” ਸਥਿਤੀਆਂ ਅਧੀਨ ਕੰਮਕਾਰ ਨੂੰ ਚਲਦਾ ਰੱਖਣ ਵਿੱਚ ਮਦਦ ਲਈ ਕਰ ਸਕਦਾ ਹੈ। ਇਹ ਲਾਜ਼ਮੀ ਵਾਸਤਵਿਕ ਅਤੇ ਆਸਾਨੀ ਨਾਲ ਲਾਗੂ ਕਰਨ ਯੋਗ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਕਿਸੇ ਕਾਰਵਾਈ ਨੂੰ ਮੁਕੰਮਲ ਕਰਨ

ਲਈ ਸਮਾਂ-ਸੀਮਾ ਦੇ ਨਾਲ ਨਾਲ ਹਰ ਇੱਕ ਕਾਰਵਾਈ 'ਤੇ ਕਿੰਨਾ ਖ਼ਰਚਾ ਆਵੇਗਾ, ਦਾ ਵੇਰਵਾ ਲਾਜ਼ਮੀ ਦਿੱਤਾ ਹੋਣਾ ਚਾਹੀਦਾ ਹੈ।

## ਤੁਹਾਡੀ ਰਿਕਵਰੀ ਯੋਜਨਾ ਮੁਕੰਮਲ ਕਰਨ ਲਈ ਵਿਕਲਪ

ਜੇ ਤੁਹਾਡੀ ਅਰਜ਼ੀ ਯੋਗਤਾ ਦੇ ਮਾਪਦੰਡ ਪੂਰੇ ਕਰਦੀ ਹੈ, ਤਾਂ ਆਪਣੀ ਰਿਕਵਰੀ ਯੋਜਨਾ ਮੁਕੰਮਲ ਕਰਨ ਲਈ ਤੁਹਾਡੇ ਕੋਲ ਕੁਝ ਵਿਕਲਪ ਹੋਣਗੇ:

1. ਸਮਾਲ ਬਿਜ਼ਨੈੱਸ ਬੀ ਸੀ ਦੁਆਰਾ ਤੁਹਾਡੀ ਰਿਕਵਰੀ ਯੋਜਨਾ ਤਿਆਰ ਕਰਨ ਲਈ ਤੁਹਾਡਾ ਇੱਕ ਪੇਸ਼ੇਵਰ ਸੇਵਾ-ਪ੍ਰਦਾਨਕਰਤਾ ਨਾਲ ਮੇਲ ਕਰਾਇਆ ਜਾਵੇਗਾ (ਸਰਕਾਰ ਵੱਲੋਂ ਸੇਵਾ-ਪ੍ਰਦਾਨਕਰਤਾ ਨੂੰ $2,000 ਤੱਕ ਮਾਲੀ ਮਦਦ ਦੀ ਅਦਾਇਗੀ)
2. ਤੁਸੀਂ ਆਪਣੇ ਨਿਜੀ ਪੇਸ਼ੇਵਰ ਸੇਵਾ-ਪ੍ਰਦਾਨਕਰਤਾ ਦੀ ਵਰਤੋਂ ਕਰਨ ਦੇ ਵਿਕਲਪ ਅਧੀਨ ਆਪਣੀ ਰਿਕਵਰੀ ਯੋਜਨਾ ਤਿਆਰ ਕਰ ਸਕਦੇ ਹੋ। ਕ੍ਰਿਪਾ ਕਰ ਕੇ ਨੋਟ ਕਰੋ:

    - ਜੇ ਤੁਸੀਂ ਆਪਣੇ ਨਿਜੀ ਸੇਵਾ-ਪ੍ਰਦਾਨਕਰਤਾ ਦੀ ਵਰਤੋਂ ਕਰਦੇ ਹੋ, ਤਾਂ ਮਾਲੀ ਮਦਦ ਪ੍ਰਾਪਤ ਕਰਨ ਲਈ (ਸਰਕਾਰ ਵੱਲੋਂ ਸੇਵਾ-ਪ੍ਰਦਾਨਕਰਤਾ ਨੂੰ $2,000 ਤੱਕ ਮਾਲੀ ਮਦਦ ਦੀ ਅਦਾਇਗੀ) ਉਨ੍ਹਾਂ ਲਈ ਰਜਿਸਟਰ ਕਰਨਾ ਅਤੇ ਸਮਾਲ ਬਿਜ਼ਨੈੱਸ ਬੀ ਸੀ ਦੁਆਰਾ ਐਕਸਪ੍ਰੈਸ਼ਨ ਔਫ਼ ਇੰਟਰੈਸਟ ਪੰਨੇ 'ਤੇ ਪ੍ਰਮਾਣਤ ਹੋਣਾ ਲਾਜ਼ਮੀ ਹੈ।
    - ਜੇ ਤੁਸੀਂ ਕਿਸੇ ਸੇਵਾ-ਪ੍ਰਦਾਨਕਰਤਾ ਦੀ ਵਰਤੋਂ ਨਹੀਂ ਕਰਦੇ ਜਾਂ ਕਿਸੇ ਗ਼ੈਰ-ਰਜਿਸਟਰਡ ਦੀ ਵਰਤੋਂ ਕਰਦੇ ਹੋ, ਤਾਂ ਮਾਲੀ ਮਦਦ ਪ੍ਰਦਾਨ ਨਹੀਂ ਕੀਤੀ ਜਾਵੇਗੀ।

ਇੱਕ ਪੇਸ਼ੇਵਰ ਸੇਵਾ-ਪ੍ਰਦਾਨਕਰਤਾ ਲਈ ਲਾਜ਼ਮੀ ਹੈ ਕਿ ਉਹ:

- CPBCAN ਦੁਆਰਾ ਪ੍ਰਮਾਣਤ ਸਹੀ ਸਾਖ਼ ਵਾਲਾ ਬੁੱਕਕੀਪਰ ਹੋਵੇ
- ਪ੍ਰਮਾਣਤ ਪੇਸ਼ੇਵਰ ਫ਼ਾਈਨੈਂਸ਼ਲ ਪਲੈਨਰ (CFP) ਹੋਵੇ
- ਲਾਅ ਸੋਸਾਇਟੀ ਔਫ਼ ਬੀ ਸੀ ਦੁਆਰਾ ਪ੍ਰਮਾਣਤ ਸਹੀ ਸਾਖ਼ ਵਾਲਾ ਵਕਾਲਤ ਕਰ ਰਿਹਾ ਵਕੀਲ ਹੋਵੇ
- ਸੀ ਪੀ ਏ ਔਫ਼ ਬੀ ਸੀ ਦੁਆਰਾ ਪ੍ਰਮਾਣਤ ਸਹੀ ਸਾਖ਼ ਵਾਲਾ CPA ਹੋਵੇ

ਦਾਇਰ ਕੀਤੀਆਂ ਗਈਆਂ ਰਿਕਵਰੀ ਯੋਜਨਾਵਾਂ ਦਾ ਮੁਲਾਂਕਣ ਕੀਤਾ ਜਾਵੇਗਾ। ਜੇ ਤੁਹਾਡੀ ਰਿਕਵਰੀ ਯੋਜਨਾ ਨੂੰ ਪ੍ਰਵਾਨਗੀ ਮਿਲ ਜਾਂਦੀ ਹੈ, ਤਾਂ ਗ੍ਰਾਂਟ ਦੀ ਰਕਮ ਪ੍ਰਦਾਨ ਕਰ ਦਿੱਤੀ ਜਾਵੇਗੀ।

ਰਿਕਵਰੀ ਯੋਜਨਾ ਦਾ ਟੈਂਪਲੇਟ ਡਾਊਨਲੋਡ ਕਰੋ (**PDF, 997KB**)

## ਉਪਲਬਧ ਮਾਲੀ ਮਦਦ

ਗ੍ਰਾਂਟਾਂ ਰਾਹੀਂ ਮੁਕੰਮਲ ਮਾਲੀ ਮਦਦ ਮਿਲਦੀ ਹੈ। ਗ੍ਰਾਂਟ ਅਤੇ ਸੈਰ-ਸਪਾਟਾ ਵਾਧੂ ਰਕਮ ਤੁਹਾਡੇ ਕਾਰੋਬਾਰ ਦੇ ਯੋਗਤਾ ਮਾਪਦੰਡ ਪੂਰੇ ਕਰਨ ਅਤੇ ਇੱਕ ਅਜਿਹੀ ਰਿਕਵਰੀ ਯੋਜਨਾ ਬਣਾਉਣ 'ਤੇ ਨਿਰਭਰ ਕਰਦੀ ਹੈ ਜਿਸ ਨੂੰ ਤੁਸੀਂ ਪੂਰੀ ਕਰ ਸਕੋ।

ਕਿਸੇ ਕਾਰੋਬਾਰ ਨੂੰ ਤਾਂ ਹੀ ਮਾਲੀ ਮਦਦ ਵਾਪਸ ਕਰਨੀ ਪਵੇਗੀ ਜੇ:

- ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਵਿੱਚੋਂ ਕੋਈ ਝੂਠੀ ਹੋਵੇ

- ਜੇ ਉਹ ਆਪਣੀ ਰਿਕਵਰੀ ਯੋਜਨਾ ਲਾਗੂ ਨਹੀਂ ਕਰਦੇ ਜਾਂ

- ਜੇ ਉਹ ਰਕਮ ਨੂੰ ਅਜਿਹੇ ਮਕਸਦਾਂ ਲਈ ਵਰਤਦੇ ਹਨ ਜੋ ਇਸ ਪ੍ਰੋਗਰਾਮ ਅਧੀਨ ਯੋਗ ਨਹੀਂ ਹਨ

ਬੁਨਿਆਦੀ (ਬੇਸ) ਗ੍ਰਾਂਟ, ਸਾਲਾਨਾ ਆਮਦਨੀ 'ਤੇ ਅਧਾਰਤ

| ਕੋਵਿਡ-ਪੂਰਵ* ਸਾਲਾਨਾ ਆਮਦਨੀ | ਗ੍ਰਾਂਟ ਦੀ ਰਕਮ |
|---|---|
| $100,000 ਤੱਕ | **$10,000** |
| $100,001 ਤੋਂ $1,000,000 | $15,000 |
| $1,000,001 ਤੋਂ $2,000,000 | $20,000 |
| $2,000,001 ਤੋਂ $3,000,000 | $25,000 |
| $3,000,000 ਤੋਂ ਵੱਧ | $30,000 |

*ਕੋਵਿਡ-ਪੂਰਵ 1 ਫ਼ਰਵਰੀ, 2020 ਤੋਂ ਪਹਿਲਾਂ ਦਾ ਅਰਸਾ ਹੈ

ਸੈਰ-ਸਪਾਟਾ ਵਾਧੂ ਗ੍ਰਾਂਟ, ਨੌਕਰੀ ‘ਤੇ ਜਾਂ ਠੇਕੇ ‘ਤੇ ਰੱਖੇ ਬੀ ਸੀ ਨਿਵਾਸੀ ਕਰਮਚਾਰੀਆਂ ਦੀ ਸੰਖਿਆ ‘ਤੇ ਅਧਾਰਤ

| ਕੋਵਿਡ-ਪੂਰਵ ਰੁਜ਼ਗਾਰ ‘ਤੇ ਲੱਗੇ ਬੀ ਸੀ ਨਿਵਾਸੀਆਂ ਦੀ ਸੰਖਿਆ | ਵਾਧੂ ਗ੍ਰਾਂਟ ਦੀ ਰਕਮ |
|---|---|
| 0 ਤੋਂ 1 | $5,000 |
| 2 ਤੋਂ 4 | $10,000 |
| 5 ਤੋਂ 149 | $15,000 |

## ਆਪਣੀ ਮਾਲੀ ਮਦਦ ਦੀ ਵਰਤੋਂ ਕਿਵੇਂ ਕੀਤੀ ਜਾਵੇ

ਮਾਲੀ ਮਦਦ ਦੀ ਵਰਤੋਂ ਤੁਹਾਡੀ ਰਿਕਵਰੀ ਯੋਜਨਾ ਵਿੱਚ ਤੈਅ ਕੀਤੀਆਂ ਗਈਆਂ ਕਾਰਵਾਈਆਂ ਨੂੰ ਲਾਗੂ ਕਰਨ ਲਈ ਕੀਤੀ ਜਾ ਸਕਦੀ ਹੈ। ਮਿਸਾਲ ਵੱਜੋਂ, ਤੁਸੀਂ ਤਜਵੀਜ਼ ਕਰ ਸਕਦੇ ਹੋ ਕਿ:

- ਤੁਹਾਡੇ ਗਾਹਕਾਂ ਨੂੰ ਨਵੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ
- ਤੁਹਾਡੇ ਮੌਜੂਦ ਕਾਰੋਬਾਰੀ ਸਥਾਨ ਵਿੱਚ ਤਬਦੀਲੀਆਂ ਕੀਤੀਆਂ ਜਾਣਗੀਆਂ
- ਸਮਾਜਕ ਦੂਰੀ ਲਈ ਰੋਕਾਂ ਲਾ ਕੇ ਨਵਾਂ ਆਊਟਡੋਰ ਪੇਟਿਉ ਬਣਾਇਆ ਜਾਵੇਗਾ
- ਤੁਹਾਡੇ ਕਾਰੋਬਾਰ ਨੂੰ ਔਨਲਾਈਨ ਕਰਨ ਵਿੱਚ ਮਦਦ ਲਈ ਜਾਵੇਗੀ
- ਇੱਕ ਬੀ ਸੀ-ਅਧਾਰਤ ਔਨਲਾਈਨ ਮਾਰਕਿਟਿੰਗ ਸੇਵਾ ਦੀ ਭਰਤੀ ਕੀਤੀ ਜਾਵੇਗੀ
- ਨਵੇਂ ਗਾਹਕਾਂ ਤੱਕ ਪਹੁੰਚ ਕਰਨ ਲਈ ਜਾਂ ਨਵੀਆਂ ਸੇਵਾਵਾਂ ਪ੍ਰਦਾਨ ਕਰਨ ਲਈ (ਮਿਸਾਲ ਵੱਜੋਂ, ਡਿਲਿਵਰੀ, ਨਵੇਂ ਟੂਰ ਪੈਕੇਜ, ਨਵੇਂ ਉਤਪਾਦ) ਤੁਹਾਡੇ ਕਾਰੋਬਾਰ ਦਾ ਵਿਸਤਾਰ ਕੀਤਾ ਜਾਏਗਾ

- **ਕਿਸੇ ਤਬਦੀਲੀ ਵਿੱਚ ਸਹਾਇਤਾ ਲਈ ਜਾਂ ਤੁਹਾਡੀਆਂ ਵਸਤਾਂ ਜਾਂ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਉਪਕਰਣ ਖ਼੍ਰੀਦੇ ਜਾਣਗੇ**
- **ਤੁਹਾਡੀ ਕਾਰੋਬਾਰ ਦੀ ਰਿਕਵਰੀ ਵਿੱਚ ਮਦਦ ਕਰਨ ਵਾਲੇ ਹੋਰ ਦੂਸਰੇ ਕਦਮ ਚੁੱਕੇ ਜਾਣਗੇ**

**ਤੁਸੀਂ ਉਹ ਕਾਰਵਾਈਆਂ ਆਪਣੀ ਰਿਕਵਰੀ ਯੋਜਨਾ ਵਿੱਚ ਸ਼ਾਮਲ ਕਰ ਸਕਦੇ ਹੋ ਜਿਹੜੀਆਂ ਤੁਹਾਡੇ ਕਾਰੋਬਾਰ ਵੱਲੋਂ 17 ਸਤੰਬਰ, 2020 ਨੂੰ ਇਸ ਪ੍ਰੋਗਰਾਮ ਦੇ ਆਰੰਭ ਹੋਣ ਤੋਂ ਲੈ ਕੇ ਕੀਤੀਆਂ ਗਈਆਂ।**

**ਮਿਸਾਲ ਵੱਜੋਂ:**

- **ਜੇ ਤੁਸੀਂ 20 ਸਤੰਬਰ, 2020 ਨੂੰ ਪਲੈਕਸੀਗਲਾਸ ਰੋਕਾਂ ਲਾਈਆਂ ਹਨ, ਤਾਂ ਇਹ ਕਦਮ ਮੁਆਵਜ਼ੇ ਲਈ ਯੋਗ ਹੈ ਅਤੇ ਤੁਹਾਡੀ ਰਿਕਵਰੀ ਯੋਜਨਾ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ**

ਰਿਕਵਰੀ ਯੋਜਨਾ ਦਾ ਨਮੂਨਾ

| ਰਿਕਵਰੀ ਕਾਰਵਾਈ | ਮੁਕੰਮਲ ਕਰਨ ਲਈ ਹਫ਼ਤੇ/ਮਹੀਨੇ | ਅਨੁਮਾਨਤ ਖ਼ਰਚਾ |
|---|---|---|
| 20 ਸਤੰਬਰ, 2020 ਨੂੰ ਪਲੈਕਸੀਗਲਾਸ ਸਮਾਜਕ ਰੋਕਾਂ ਲਾਈਆਂ ਗਈਆਂ। ਰਸੀਦ ਦੀਆਂ ਨਕਲਾਂ ਨੱਥੀ ਹਨ। | 2 ਹਫ਼ਤੇ | $5,432.26 |
| ਇੱਕ ਬੀ ਸੀ-ਅਧਾਰਤ ਔਨਲਾਈਨ ਮਾਰਕਿਟਿੰਗ ਸੇਵਾ ਭਰਤੀ ਕੀਤੀ ਜਾਏਗੀ | 6 ਮਹੀਨੇ | $6,000.00 |

## ਸਹਾਇਤਾ ਦੀ ਲੋੜ ਹੈ?

**ਸਧਾਰਣ ਜਾਣਕਾਰੀ ਲਈ, ਸੋਮਵਾਰ-ਸ਼ੁੱਕਰਵਾਰ 9:00 ਵਜੇ ਸਵੇਰ ਤੋਂ 5:00 ਵਜੇ ਸ਼ਾਮ ਪੈਸਿਫ਼ਿਕ ਟਾਈਮ, ਸ਼ਨਿੱਚਰਵਾਰ ਅਤੇ ਸਟੈਚੁਟਰੀ ਛੁੱਟੀਆਂ ਨੂੰ ਛੱਡ ਕੇ, ਸਹਾਇਤਾ ਉਪਲਬਧ ਹੈ।**

**ਫ਼ੋਨ: 1-833-254-4357**

**ਈਮੇਲ: BusinessRecoveryGrantProgram@gov.bc.ca**